# ਝੰਡਾ ਹੋਰ ਤੇ ਧੰਦਾ ਹੋਰ

ਮਨਮੋਹਨ ਸਿੰਘ ਦੀ ਸਰਕਾਰ ਨੇ ਪਹਿਲੇ ਦਿਨੋਂ ਹੀ ਹਾਕਮ ਜਮਾਤਾਂ ਦਾ ਪੱਖ ਪੂਰਿਆਂ ਹੈ ਅਤੇ ਅਮੀਰਾਂ ਦੇ ਹਿਤ ਪੂਰਨ ਲਈ ਆਮ ਲੋਕਾਂ ਦੇ ਹੱਕਾਂ ਤੇ ਸੱਟ ਮਾਰੀ ਹੈ ਕਿਉਂਕਿ ਇਹ ਹਾਕਮ ਜਮਾਤਾਂ ਦੀ ਨੁਮਾਇੰਦਗੀ ਕਰਨ ਵਾਲੀ ਸਰਕਾਰ ਹੈ ਜਨਤਾ ਦੀ ਨੁਮਾਇੰਦਗੀ ਕਰਨ ਵਾਲੀ ਨਹੀਂ। ਲੇਕਿਨ ਇਹ ਸਰਕਾਰ ਖੱਬੇ-ਸੱਜੇ ਕਾਮਰੇਡਾਂ ਦੀ ਹਿਮਾਇਤ ਨਾਲ ਹੀ ਚਲ ਰਹੀ ਹੈ ਜੋ ਜਨਤਾ ਦੀ ਨੁਮਾਇੰਦਗੀ ਕਰਨ ਦਾ ਦਮ ਭਰਦੇ ਕਦੇ ਥੱਕਦੇ ਨਹੀਂ। ਜੇ ਇਹ ਕਾਮਰੇਡ ਇਸ ਦੀ ਹਿਮਾਇਤ ਨਾ ਕਰਨ ਤਾਂ ਇਹ ਸਰਕਾਰ ਇਕ ਦਿਨ ਵੀ ਨਹੀਂ ਚਲ ਸਕਦੀ। ਜਦੋਂ ਵੀ ਇਹ ਸਰਕਾਰ ਲੋਕਾਂ ਉਤੇ ਖੁਲ੍ਹ ਕੇ ਹਮਲਾ ਕਰਦੀ ਹੈ ਤਾਂ ਇਹ ਖੱਬੇ ਸੱਜੇ ਕਾਮਰੇਡ ਚੀਕਾਂ ਮਾਰਦੇ ਹਨ ਤੇ ਬਿਆਨਬਾਜ਼ੀ ਕਰਦੇ ਹਨ ਕਿ ਅਸੀਂ ਸਰਕਾਰ ਦੇ ਇਸ ਹਮਲੇ ਦਾ ਸੜਕਾਂ ਤੇ ਆ ਕੇ  ਵਿਰੋਧ ਕਰਾਂਗੇ। ਇਹ ਲੋਕਾਂ ਨੂੰ ਮੁਜ਼ਾਹਰੇ ਅਤੇ ਹੋਰ ਵਿਰੋਧ-ਪ੍ਰਦਰਸ਼ਨ ਲਈ ਲਾਮਬੰਦ ਵੀ ਕਰਦੇ ਹਨ। ਮਿਸਾਲ ਦੇ ਤੌਰ ਤੇ ਡੀਜ਼ਲ ਅਤੇ ਪਟਰੌਲ ਦੀਆਂ ਕੀਮਤਾਂ ਵਿਚ ਵਾਧੇ ਦੇ ਖ਼ਿਲਾਫ਼ ਇਨ੍ਹਾਂ ਐਲਾਨ ਕੀਤਾ ਹੈ ਕਿ ਸਰਕਾਰ ਦੀ ਇਸ ਨੀਤੀ ਦਾ ਸੜਕਾਂ ਅਤੇ ਗਲੀਆਂ ਵਿਚ ਵਿਰੋਧ ਕਰਨਗੇ। ਇਹ ਕਾਮਰੇਡ ਸਰਕਾਰ ਦੇ ਇਸ ਫੈਸਲੇ ਖ਼ਿਲਾਫ਼ ਮੁਜ਼ਾਹਰੇ, ਰੈਲੀਆਂ ਤੇ ਜਲਸੇ ਕਰਨਗੇ ਅਤੇ ਇਨ੍ਹਾਂ ਦੇ ਵੱਡੇ ਵੱਡੇ ਲੀਡਰ ਬੜੀਆਂ ਧੂਆਂ ਧਾਰ  ਤਕਰੀਰਾਂ ਵੀ ਕਰਨਗੇ। ਪੌਲਿਟ ਬਿਊਰੋ ਦੇ ਮੈਂਬਰ ਗਰਮਾ ਗਰਮ ਬਿਆਨ ਵੀ ਦੇਣਗੇ ਪਰ ਆਖ਼ਿਰਕਾਰ ਕੁਝ ਦਿਨਾਂ ਬਾਅਦ ਇਹ ਕਾਮਰੇਡ, ਮਨਮੋਹਨ ਸਿੰਘ ਦੀ  ਸਰਕਾਰ ਦੀ ਹਿਮਾਇਤ ਹੀ ਕਰਨਗੇ। ਇਨ੍ਹਾਂ ਲਈ ਇਹ ਕੋਈ ਨਵੀਂ ਗੱਲ ਨਹੀਂ ਕਿਉਂਕਿ ਲੋਕਾਂ ਖ਼ਿਲਾਫ਼ ਸਰਕਾਰ ਦੇ ਹਰ ਹਮਲੇ ਸਮੇਂ ਇਹ ਥੋੜਾ ਜਿਹਾ ਸ਼ੋਰ ਮਚਾਉਣ ਮਗਰੋਂ ਅਖ਼ੀਰ ਵਿਚ ਹਮਾਇਤ ਵਿਚ ਹੀ ਭੁਗਤਦੇ ਆਏ ਹਨ। ਉਪਰੋਂ ਉਪਰੋਂ ਭਾਵੇਂ ਜਿੰਨੀਆਂ ਮਰਜ਼ੀ ਚੀਕਾਂ ਮਾਰੀ ਜਾਣ ਪਰ ਲੋਕ ਸਭਾ ਵਿਚ  ਇਹ ਇਸ ਸਰਕਾਰ ਦੀ ਹਰ ਨੀਤੀ ਦੀ ਹਿਮਾਇਤ ਹੀ ਕਰਦੇ ਆਏ ਹਨ ਅਤੇ  ਕਰਦੇ ਰਹਿਣਗੇ। ਪੱਛਮੀ ਬੰਗਾਲ , ਜਿੱਥੇ ਇਹ ਤਿਨ ਦਹਾਕਿਆਂ ਤੋਂ ਸਰਕਾਰ ਚਲਾਂਉਦੇ ਆਏ ਹਨ, ਵਿਚ ਵੀ ਇਹ ਇਹੋ ਕੜ੍ਹੀ ਘੋਲਦੇ ਰਹੇ ਹਨ। ਗੱਲਾਂ ਲੋਕਾਂ ਦੇ ਹਿਤਾਂ ਦੀਆਂ ਤੇ ਅਮਲ ਜੋਕਾਂ ਦੇ ਹਿਤਾਂ ਦੇ।

ਮਨਮੋਹਨ ਸਿੰਘ ਦੀ ਸਰਕਾਰ ਦੇ ਲੋਕ ਵਿਰੋਧੀ ਹਮਲਿਆਂ ਖ਼ਿਲਾਫ਼ ਲੋਕਾਂ ਵਿਚ ਬਹੁਤ ਰੋਸ ਅਤੇ ਗੁੱਸਾ ਹੈ। ਉਹ ਇਨ੍ਹਾਂ ਖ਼ਿਲਾਫ਼ ਘੋਲ ਕਰ ਰਹੇ ਹਨ ਤੇ ਇਹ ਖੱਬੇ-ਸੱਜੇ ਕਾਮਰੇਡ ਲੋਕਾਂ ਦੇ ਉਬਾਲ ਅਤੇ ਉਭਾਰ ਨੂੰ ਕੁਰਾਹੇ ਪਾਉਂਦੇ ਹਨ। ਸ਼ਰੇਆਮ ਇਹ ਇਹ ਲੋਕਾਂ ਨੂੰ ਕਹਿ ਨਹੀਂ ਸਕਦੇ ਕਿ ਉਹ ਇਨ੍ਹਾਂ ਹਮਲਿਆਂ ਦੇ ਹੱਕ ਵਿਚ ਹਨ। ਇਸ ਲਈ ਇਕ ਪਾਸੇ ਤਾਂ ਇਹ ਮੁਜ਼ਾਹਿਰੇ ਅਤੇ ਰੈਲੀਆਂ ਕਰਦੇ ਹਨ ਪਰ ਅੰਦਰਖਾਤੇ ਮਨਮੋਹਨ ਸਰਕਾਰ ਦੀ ਮਦਦ ਅਤੇ ਹਿਮਾਇਤ ਕਰਦੇ ਹਨ। ਇਸ ਕਰਕੇ ਹੁਣ ਆਮ ਲੋਕ ਵੀ ਕਹਿਣ ਲੱਗ ਪਏ ਹਨ ਕਿ ਇਹ ਕਾਮਰੇਡ ਹਾਕਮ ਜਮਾਤਾਂ ਦੀਆਂ ਹੋਰਨਾਂ ਪਾਰਟੀਆਂ ਵਾਂਗ ਹੀ ਕਹਿੰਦੇ ਕੁਝ ਹੋਰ ਨੇ ਅਤੇ ਕਰਦੇ ਕੁਝ ਹੋਰ ਨੇ। ਇਨ੍ਹਾਂ ਨੇ ਝੰਡਾ ਤਾਂ ਲਾਲ ਚੁਕਿਆ ਹੋਇਆ ਹੈ, ਤੇ ਹਿਲਾਉਂਦੇ ਵੀ ਬੜੇ ਜੋਸ਼ ਨਾਲ ਹਨ, ਪਰ ਅੰਦਰਖਾਤੇ ਇਹ ਮਨਮੋਹਨ ਸਿੰਘ ਦੇ ਅਜੰਡੇ ਨਾਲ ਰਜ਼ਾਮੰਦ ਹਨ ਤੇ ਯੂ ਪੀ ਏ ਦੀ ਸਰਕਾਰ ਦੀਆਂ ਨੀਤੀਆਂ ਨਾਲ ਘਿਉ ਖਿਚੜੀ ਹਨ।।

ਆਪਣੀਆਂ ਕਰਤੂਤਾਂ ਲਈ ਇਹ ਕਾਮਰੇਡ ਇਕ ਬਹੁਤ ਹੀ ਖੋਖਲੀ ਦਲੀਲ ਦਿੰਦੇ ਹਨ ਕਿ ਜੇ ਇਨ੍ਹਾਂ ਨੇ ਮਨਮੋਹਨ ਸਿੰਘ ਦੀ ਸਰਕਾਰ ਦੀ ਹਿਮਾਇਤ ਨਾ ਕੀਤੀ ਤਾਂ ਸਰਕਾਰ ਡਿੱਗ ਜਾਵੇਗੀ ਅਤੇ ਬੀ ਜੇ ਪੀ ਤਾਕਤ ਵਿਚ ਆ ਜਾਵੇਗੀ ਜੋ ਬਹੁਤ ਹੀ ਮਾੜੀ ਗੱਲ ਹੋਵੇਗੀ ਇਸ ਕਰਕੇ ਬੀ ਜੇ ਪੀ ਨੂੰ ਤਾਕਤ ਵਿਚ ਆਉਣ ਤੋਂ ਰੋਕਣ ਲਈ ਇਹ ਮਨਮੋਹਨ ਸਿੰਘ ਦੀ ਸਰਕਾਰ ਦੀ ਹਿਮਾਇਤ ਕਰਨ ਨੂੰ ਮਜਬੂਰ ਹਨ। ਇਨ੍ਹਾਂ ਦੀ ਇਹ ਦਲੀਲ ਮਜ਼ਦੂਰ ਜਮਾਤ, ਕਿਸਾਨਾਂ, ਕਰਮਚਾਰੀਆਂ, ਦਲਿਤਾਂ, ਵਿਦਿਆਰਥੀਆਂ ਅਤੇ ਹੋਰ ਦਬੇ ਕੁਚਲੇ ਲੋਕਾਂ ਨੂੰ ਬੇਵਕੂਫ ਬਣਾਉਣ ਲਈ ਹੈ ਪਰ ਬੇਵਕੂਫ਼ ਨਹੀਂ ਬਣਾ ਨਹੀਂ ਸਕੀ। ਇਸ ਲਈ ਹੁਣ ਲੋਕ ਆਮ ਹੀ ਸਮਝਦੇ ਹਨ ਕਿ ਇਨ੍ਹਾਂ ਕਾਮਰੇਡਾਂ ਨੇ ਬਾਹਰ ਲਾਲ ਝੰਡਾ ਤੇ ਅੰਦਰ ਸਰਕਾਰੀ ਅਜੰਡਾ ਚੁਕਿਆ ਹੋਇਆ ਹੈ।

ਖੱਬੇ ਸੱਜੇ ਕਾਮਰੇਡਾਂ ਦੀਆਂ ਪਾਰਟੀਆਂ ਹਾਕਮ ਜਮਾਤਾਂ ਦੀਆਂ ਹੋਰਨਾਂ ਪਾਟੀਆਂ ਜਿਵੇਂ ਕਿ ਕਾਂਗਰਸ, ਬੀ ਜੇ ਪੀ ਵਗੈਰਾ ਵਾਂਗੂ ਹੀ ਕਹਿੰਦੀਆਂ ਕੁਝ ਹੋਰ ਨੇ ਕਰਦੀਆਂ ਕੁਝ ਹੋਰ ਨੇ। ਇਸ ਸਿਆਸੀ ਪ੍ਰਣਾਲੀ ਵਿਚ ਇਹ ਕੁਝ ਹੋਰ ਕਰ ਵੀ ਨਹੀਂ ਸਕਦੀਆਂ। ਇਸ ਸਿਆਸੀ ਪ੍ਰਣਾਲੀ ਦਾ ਮਕਸਦ ਹੀ ਲੋਕਾਂ ਨੂੰ ਖੁੱਡੇ ਲਾਈ ਰੱਖਣਾ ਹੈ। ਇਸ ਸਿਆਸੀ ਪ੍ਰਣਾਲੀ ਦਾ ਨਾਅਰਾ ਹੈ ਲੋਕਾਂ ਦੀ ਤਾਕਤ ਪਰ ਅਸਲੀਅਤ ਵਿਚ ਇਸ ਪ੍ਰਣਾਲੀ ਰਾਹੀਂ ਲੋਕਾਂ ਦੀ ਤਾਕਤ ਖੋਹ ਲਈ ਜਾਂਦੀ ਹੈ ਅਤੇ ਵੱਡੇ ਸਰਮਾਏਦਾਰਾਂ ਅਤੇ ਦੌਲਤਮੰਦਾਂ ਦੇ ਹੱਥ ਦੇ ਦਿਤੀ ਜਾਂਦੀ ਹੈ ਜੋ ਆਪਣੀ ਮਨ ਮਰਜ਼ੀ ਕਰਦੇ ਹਨ ਅਤੇ ਦੇਸ਼ ਦੇ ਕੁਦਰਤੀ ਅਤੇ ਮਨੁਖੀ ਸਾਧਨਾਂ ਨੂੰ ਆਪਣੇ ਮੁਨਾਫ਼ੇ ਵਧਾਉਣ ਲਈ ਹੀ ਵਰਤਦੇ ਹਨ। ਇਸ ਲਈ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਖੱਬੇ ਸੱਜੇ ਕਾਮਰੇਡਾਂ ਦਾ ਬਾਹਰ ਲਾਲ ਝੰਡਾ ਹੈ ਤੇ ਅੰਦਰ ਹੋਰ ਅਜੰਡਾ ਹੈ ਅਤੇ ਹਾਕਮ ਜਮਾਤਾਂ ਨੂੰ ਕਾਮਰੇਡਾਂ ਦੀ ਇਹ ਨੀਤੀ ਬਹੁਤ ਹੀ ਰਾਸ ਹੈ।

ਤਾਰੀਖ ਦੀ ਲੋੜ ਹੈ ਕਿ ਅੱਜ ਇਕ ਨਵੀਂ ਸਿਆਸੀ ਪ੍ਰਣਾਲੀ ਇਜਾਦ ਕੀਤੀ ਜਾਵੇ ਜਿਸ ਨਾਲ ਲੋਕ ਆਪਣੇ ਹਾਕਮ ਖ਼ੁਦ ਆਪ ਹੀ ਬਣ ਸਕਣ। ਜਿਸ ਨਾਲ ਉਹ ਆਪਣੀ ਜ਼ਿੰਦਗੀ ਦੇ ਸਾਰੇ ਫੈਸਲੇ ਆਪ ਕਰ ਸਕਣ। ਖੱਬੇ-ਸੱਜੇ ਕਾਮਰੇਡ ਇਹ

ਚੈਲੰਜ ਕਬੂਲ ਕਰਨ ਨੂੰ ਤਿਆਰ ਨਹੀਂ ਇਸ ਲਈ ਉਹ -ਅੰਦਰ ਹੋਰ ਅਜੰਡਾ ਤੇ ਬਾਹਰ ਲਾਲ ਝੰਡਾ- ਦਾ ਖੇਲ੍ਹ ਖੇਲ੍ਹਣ ਲਈ ਮਜਬੂਰ ਹਨ। ਤਾਰੀਖ ਇਨ੍ਹਾਂ ਨੂੰ ਪਿੱਛੇ ਛੱਡ ਗਈ ਹੈ। ਲੋਕ ਇਸ ਅਸਲੀਅਤ ਨੂੰ ਸਮਝ ਕੇ ਨਵੀਂ ਉਸਾਰੀ ਦੇ ਘੋਲ ਚਲਾ ਰਹੇ ਹਨ ਅਤੇ ਹੋਰਨਾਂ ਪਾਰਟੀਆਂ ਵਾਂਗ ਹੀ ਖੱਬੇ ਸੱਜੇ ਕਾਮਰੇਡਾਂ ਦੀ ਕਰਨੀ ਅਤੇ ਕਹਣੀ ਦਾ ਤੱਤ ਵੀ ਕੱਢ ਰਹੇ ਹਨ।